# ਖੁਲਾਸਾ ਖ਼ੁਤਬਾ ਜੁਮੱਾ 20.06.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਰਮਨੀ ਦੇ ਸਫ਼ਰ ਕਰਕੇ ਬੀਤੇ ਦੋ ਖ਼ੁਤਬੇ ਮੈਂ ਜਰਮਨੀ ਵਿੱਚ ਪੜ੍ਹਾਏ । ਉੱਥੇ 6 ਜੂਨ ਦੇ ਖ਼ੁਤਬੇ ਵਿੱਚ ਮੈਂ ਖ਼ਿਲਾਫ਼ਤ ਦੀ ਅਗਿਆਕਾਰੀ ਤੇ ਵਫ਼ਦਾਰੀ ਦੇ ਵਿਸ਼ੇ ਉਪੱਰ ਕੇਵਲ ਜਰਮਨੀ ਲਈ ਹੀ ਨਹੀਂ ਸਗੋਂ ਸਾਰੀ ਦੁਨੀਆ ਲਈ ਖ਼ੁਤਬਾ ਦਿੱਤਾ ਸੀ, ਭਾਵੇਂ ਕੁਝ ਉਧਾਰਣਾ ਜਰਮਨੀ ਦੀ ਅਵਸਥਾ ਕਰਕੇ ਓਥੋਂ ਦੀਆਂ ਦਿੱਤੀਆਂ ਸਨ । ਪਰ ਮੈਂਨੂੰ ਖ਼ੁਸ਼ੀ ਹੈ ਕਿ ਸੰਸਾਰ ਭਰ ਦੇ ਅਹਮਦੀਆਂ ਨੇ ਪ੍ਰਤੀਕ੍ਰਮ ਦਿਖਾਇਆ ਅਤੇ ਝੱਟ ਖ਼ਿਲਾਫ਼ਤ ਦੀ ਕਾਮਲ ਵਫ਼ਾਦਾਰੀ ਦਾ ਪ੍ਰਗਟਾਵਾ ਕੀਤਾ ਅਤੇ ਵਿਸ਼ੇਸ਼ ਤੌਰ'ਤੇ ਇਸ ਗੱਲ ਲਈ ਵੀ ਕਈਆਂ ਨੇ ਪ੍ਰਗਟਾਵਾ ਕੀਤਾ ਕਿ ਸਾਡੇ ਵਿੱਚੋਂ ਕਈ ਅਹੁਦੇਦਾਰ ਕਈ ਹਦਾਇਤਾਂ ਦੀਆਂ ਤਾਵੀਲਾਂ ਤੇ ਵਿਆਖਿਆਵਾਂ ਕਢੱਣ ਲੱਗ ਜਾਂਦੇ ਹਨ ਭਵਿੱਖ ਵਿੱਚ ਇੰਸ਼ਅਲੱਾਹ ਅਜਿਹਾ ਨਹੀਂ ਹੋਵੇਗਾ ।

ਸੋ, ਇਹ ਖ਼ੂਬੀ ਹੈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਥਾਪਤ ਕੀਤੀ ਹੋਈ ਜਮਾਤ ਦੀ ਕਿ ਜੱਦ ਧਿਆਨ ਦੁਆਓ ਤਾਂ ਝੱਟ ਧਿਆਨ ਦਿੱਤਾ ਜਾਂਦਾ ਹੈ । ਅਲੱਾਹ ਤਆਲਾ ਸਾਰਿਆਂ ਅਹਮਦੀਆਂ ਨੂੰ ਅਗਿਆਕਰੀ ਤੇ ਵਫ਼ਾਦਾਰੀ ਵਿੱਚ ਵਧਾਉਂਦਾ ਰਹੇ । ਜਿਵੇਂ ਕਿ ਮੈਂ ਆਮ ਤੌਰ'ਤੇ ਜਲਸੇ ਦੇ ਬਾਦ ਜਲਸੇ ਬਾਰੇ ਕੁਝ ਬਿਆਨ ਕਰਦਾ ਹਾਂ, ਹੁਣ ਮੈਂ ਇਸ ਸਫ਼ਰ ਦੇ ਹਵਾਲੇ ਨਾਲ ਗੁਝ ਗੱਲਾ ਕਰਾਂਗਾ । ਸਾਡੇ ਜਲਸਿਆਂ ਦੀ ਇਕ ਰੌਣਕ ਗ਼ੈਰ ਅਹਮਦੀ ਅਤੇ ਗ਼ੈਰ ਮੁਸਲਿਮ ਲੋਕਾਂ ਨਾਲ ਵੀ ਹੁੰਦੀ ਹੈ ਜੋ ਇਹ ਦੇਖਣ ਤੇ ਸੁਨਣ ਆਉਂਦੇ ਹਨ ਕਿ ਇਹ ਜਲਸਾ ਜਿਸ ਦੀ ਅਹਮਦੀਆਂ ਨੇ ਐਨ੍ਹੀ ਧੁੰਮ ਪਾਈ ਹੁੰਦੀ ਹੈ, ਇਹ ਹੁੰਦਾ ਕਿਹੋ ਜਿਹਾ ਹੈ ? ਅਤੇ ਇਹਨਾਂ ਜਲਸੇ ਦੇ ਦਿਨਾਂ ਵਿੱਚ ਕਿਹੋ ਜਿਹੇ ਕਾਰਜ ਹੁੰਦੇ ਹਨ ਅਤੇ ਕੀ ਕਹਿੰਦੇ ਹਨ ? ਜੇਕਰ ਚੰਗੀਆਂ ਗੱਲਾਂ ਕਹਿੰਦੇ ਹਨ ਤਾਂ ਕੀ ਇਹਨਾ ਦੇ ਕਰਮ ਵੀ ਇਹਨਾ ਦੀਆਂ ਗੱਲਾਂ ਨਾਲ ਮੇਲ ਰੱਖਦੇ ਹਨ ਜਾਂ ਨਹੀਂ ? ਜਾਂ ਕੇਵਲ ਦੁਨੀਆਦਾਰਾਂ ਵਾਂਗ ਇਕੱਠ ਹੁੰਦਾ ਹੈ, ਇਕ ਮੇਲਾ ਹੁੰਦਾ ਹੈ, ਹੱਲਾ-ਗੁਲੱਾ ਤੇ ਰੌਣਕ ਹੁੰਦੀ ਹੈ । ਜੱਦ ਇਹ ਦੇਖਦੇ ਹਨ ਕਿ ਜਲਸੇ ਦਾ ਵਾਤਾਵਰਣ ਇਕ ਨਿਰਾਲਾ ਵਾਤਾਵਰਣ ਹੁੰਦਾ ਹੈ ਜਿਸ ਦੀ ਸੰਸਾਰਕ ਮੇਲਿਆਂ, ਸਮਾਰੋਹਾਂ ਤੇ ਜਲਸਿਆਂ ਨਾਲ ਉਧਾਰਣ ਨਹੀਂ ਦਿੱਤੀ ਜਾ ਸਕਦੀ ਤਾਂ ਫਿਰ ਇਹ ਜਲਸਾ ਗ਼ੈਰ ਮੁਸਲਮਾਨ ਮਹਿਮਾਨਾ ਲਈ ਲਈ ਵੀ ਇਸਲਾਮ ਦੀ ਸੁੰਦਰ ਸਿੱਖਿਆ ਦਸੱਣ ਅਤੇ ਇਸਲਾਮ ਬਾਰੇ ਸ਼ੰਕਾਵਾਂ ਨੂੰ ਦੂਰ ਕਰਨ ਦਾ ਸਾਧਨ ਬਣ ਜਾਂਦਾ ਹੈ । ਇਸੇ ਪ੍ਰਕਾਰ ਕਈ ਗ਼ੈਰ ਮੁਸਲਿਮ ਅਤੇ ਗ਼ੈਰ ਅਹਮਦੀ ਜਿੰਨ੍ਹਾ ਨੇ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਬਾਰੇ ਕੁਝ ਨ ਕੁਝ ਜਾਨਕਾਰੀ ਲਈ ਹੁੰਦੀ ਹੈ ਜਲਸੇ ਦਾ ਵਾਤਾਵਰਣ ਤੇ ਪ੍ਰੋਗ੍ਰਾਮਾ ਨੂੰ ਆਪਣੀਆਂ ਅੱਖਾਂ ਨਾਲ ਦੇਖਦੇ ਹਨ ਤਾਂ ਕੁਝ ਉਹਨਾਂ ਵਿੱਚੋਂ ਬੈਅਤ ਕਰਨ ਲਈ ਤਿਆਰ ਹੋ ਜਾਂਦੇ ਹਨ ਅਤੇ ਬੈਅਤ ਕਰਕੇ ਜਾਂਦੇ ਹਨ ਜਾਂ ਐਨ੍ਹੇ ਪ੍ਰਭਾਵਤ ਹੋਕੇ ਜਾਂਦੇ ਹਨ ਕਿ ਕੁਝ ਸਮੇਂ ਮਗਰੋਂ ਉਹਨਾਂ ਦੇ ਮਨ ਅਹਮਦੀਅਤ ਵੱਲ ਪੂਰਨ ਸ਼ਰਧਾ ਨਾਲ ਝੁਕਦੇ ਹਨ । ਭਾਵ ਇਹ ਕਿ ਇਹ ਜਲਸੇ ਜਿੱਥੇ ਇਸਲਾਮ ਬਾਰੇ ਚੰਗੇ ਪ੍ਰਭਾਵ ਪੈਦਾ ਕਰਨ ਵਾਲੇ ਹੁੰਦੇ ਹਨ ਓਥੇ ਪ੍ਰਚਾਰ ਦਾ ਵੀ ਬਹੁਤ ਵੱਡਾ ਸਾਧਨ ਬਣਦੇ ਹਨ ।

ਇਸ ਲਈ ਜਰਮਨੀ ਦਾ ਜਲਸਾ ਵੀ ਅਵਸ਼ ਹੀ ਇਹਨਾਂ ਗੱਲਾਂ ਦਾ ਸਾਧਨ ਬਣਿਆਂ ਹੈ ਇਸ ਲਈ ਮੈਂ ਪਹਿਲਾਂ ਜਲਸੇ ਵਿੱਚ ਆਉਂਣ ਵਾਲੇ ਗ਼ੈਰ ਮੁਸਲਿਮ ਮਹਿਮਾਨਾ ਦੇ ਪ੍ਰਭਾਵ ਪੇਸ਼ ਕਰਾਂਗਾ ਕਿ ਕਿਵੇਂ ਅਲੱਾਹ ਤਆਲਾ ਨਿਰਾਲੇ ਢੰਗ ਨਾਲ ਆਪਣਾ ਪੱਖ ਤੇ ਮਦਦ ਦਿਖਾ ਰਿਹਾ ਹੈ, ਕਿਉਂਕਿ ਮਨ ਤਾਂ ਕੇਵਲ ਰੱਬ ਦੀ ਅਪਾਰ ਕ੍ਰਿਪਾ ਨਾਲ ਹੀ ਆਕਰਸ਼ਤ ਹੋ ਸਕਦੇ ਹਨ ਅਤੇ ਫਿਰ ਕੇਵਲ ਜਲਸਾ ਹੀ ਨਹੀਂ ਸਗੋਂ ਹਰ ਇਕ ਜਮਾਤੀ ਫ਼ੰਕਸ਼ਨ ਜਿਸ ਵਿੱਚ ਮਹਿਮਾਨਾਂ ਨੂੰ ਬੁਲਾਇਆ ਜਾਂਦਾ ਹੈ ਉਹ ਜਮਾਤ ਦੀ ਜਾਨਕਰੀ ਦਾ ਬਹੁਤ ਵੱਡਾ ਸਾਧਨ ਬਣਦਾ ਹੈ । ਹਰ ਫ਼ੰਕਸ਼ਨ ਹੀ ਇਸਲਾਮ ਦੀ ਸੁੰਦਰ ਸਿੱਖਿਆ ਦਸੱਣ ਤੇ ਪ੍ਰਚਾਰ ਦੇ ਖੇਤਰ ਖੋਲਣ ਵਾਲਾ ਬਣ ਜਾਂਦਾ ਹੈ । ਜਰਮਨੀ ਦੀ ਯਾਤਰਾ ਸਮੇਂ ਮਸਜਿਦਾਂ ਦੀਆਂ ਨੀਹਾਂ ਰੱਖਣ ਅਤੇ ਮਸਜਿਦਾਂ ਦੇ ਉਦਘਾਟਨਾਂ ਦਾ ਵੀ ਮੌਕਾ ਮਿਲਿਆ । ਇਸ ਰਾਹੀਂ ਵੀ ਇਸਲਾਮ ਦੀ ਸੁੰਦਰ ਸਿੱਖਿਆ ਲੋਕਾਂ'ਤੇ ਸਪਸ਼ਟ ਹੋਈ ਜਿਸ ਦਾ ਉਹਨਾਂ ਨੇ ਪ੍ਰਗਟਾਵਾ ਵੀ ਕੀਤਾ ਕਿ ਇਹ ਇਸਲਾਮ ਸਾਡੀਆਂ ਨਜ਼ਰਾਂ ਸਾਹਮਣੇ ਪਹਿਲਾਂ ਕਦੇ ਵੀ ਨਹੀਂ ਲਿਆਂਦਾ ਗਿਆ । ਫਿਰ ਅਖ਼ਬਾਰਾਂ ਨੇ ਜੋ ਕਵਰੈਜ ਦਿੱਤੀ ਉਸ

ਰਾਹੀਂ ਵੀ ਕਈ ਮਿਲੀਅੰਜ਼ ਲੋਕਾਂ ਤੱਕ ਇਹ ਸੰਦੇਸ਼ ਪਹੁੰਚਿਆ । ਇਸ ਲਈ ਮੈਂ ਸਭ ਤੋਂ ਪਹਿਲਾਂ ਜਲਸੇ'ਤੇ ਆਉਂਣ ਵਾਲੇ ਹੋਰਨਾ ਧਰਮਾਂ ਦੇ ਲੋਕਾਂ ਦੇ ਪ੍ਰਭਾਵ ਇਥੇ ਬਿਆਨ ਕਰਦਾ ਹਾਂ । ਜਰਮਨੀ ਦੇ ਜਲਸੇ ਵਿੱਚ ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਕਰਕੇ ਵੱਖ ਵੱਖ ਗਵਾਂਢੀ ਦੇਸ਼ਾਂ ਦੇ ਜੱਥੇ ਵੀ ਸ਼ਾਮਲ ਹੋਏ ਅਤੇ ਚੰਗੀ ਗਿਣਤੀ ਵਿੱਚ ਇਹ ਜੱਥੇ ਸ਼ਾਮਲ ਹੋਏ । ਫ਼੍ਰਾਂਸ ਅਤੇ ਬੈਲਜੀਯਮ ਤੋਂ ਆਉਂਣ ਵਾਲੇ ਨੌਮੁਬਾਈਨ (ਜਮਾਤ ਵਿੱਚ ਨਵੇਂ ਸ਼ਾਮਲ ਹੋਣ ਵਾਲੇ) ਅਤੇ ਜਮਾਤ ਬਾਰੇ ਜਾਨਕਾਰੀ ਲੈਂਦੇਂ ਮਿਤੱਰਾਂ ਤੋਂ ਬਿਨਾਂ ਇਸਟੋਨੀਆ, ਕਰੋਸ਼ੀਯਾ, ਲਿਵੀਨੀਆ, ਸਿਲਵੀਨੀਆ, ਰੁਮਾਨੀਆ, ਹੰਗਰੀ, ਮੋਨਟੀਨੀਗਰੋ, ਬੋਸਨੀਆ ਅਤੇ ਰਸ਼ੀਯਨ ਦੇਸ਼ਾਂ ਵਿੱਚੋਂ ਕੋਸੋਵਾਲਬਾਨੀਆ, ਬੁਲਗ਼ਾਰੀਆ ਅਤੇ ਮੈਸੀਡੋਨੀਆ ਆਦਿ ਤੋਂ ਜੱਥੇ ਆਏ ਜਿੰਨ੍ਹਾਂ ਵਿੱਚ ਬੱਚੇ ਵੀ ਸਨ । ਪਰੁਸ਼ ਇਸਤਰੀਆਂ ਅਤੇ ਪ੍ਰਚਾਰ ਹੇਠ ਸਜੱਣਾ ਤੋਂ ਬਿਨਾ ਗ਼ੈਰ ਮੁਸਲਿਮ ਮਿੱਤਰ ਵੀ ਸਨ । ਮੈਸੀਡੋਨੀਆਂ ਵਿੱਚੋਂ ਇਸ ਸਾਲ 55 ਲੋਕਾਂ ਦੇ ਜੱਥੇ ਨੇ ਭਾਗ ਲਿਆ । ਇਹਨਾਂ ਵਿੱਚ ਅਠੱਾਈ (28) ਈਸਾਈ ਮਿੱਤਰ ਸਨ, ਦਸ (10) ਗ਼ੈਰ ਅਹਮਦੀ ਮੁਸਲਮਾਨ ਅਤੇ ਸਤਾਰ੍ਹਾਂ ਅਹਮਦੀ ਸਨ । ਇਸੇ ਪ੍ਰਕਾਰ ਬੁਲਗ਼ਾਰੀਆ ਤੋਂ 82 ਲੋਕਾਂ'ਤੇ ਅਧਾਰਤ ਜੱਥੇ ਨੇ ਲੰਮੀ ਜਾਤਰਾ ਕਰਕੇ ਭਾਗ ਲਿਆ । ਇਹਨਾ ਜੱਥਿਆਂ ਨਾਲ ਮੁਲਾਕਾਤਾਂ ਵੀ ਹੋਈਆਂ । ਜਲਸੇ ਦਾ ਰੂਹਾਨੀ ਮਾਹੌਲ ਵੀ ਸੀ ਜਿਸ ਨੇ ਉਹਨਾਂ ਨੂੰ ਚੰਗਾ ਪ੍ਰਭਾਵਤ ਕੀਤਾ ਅਤੇ ਇਕ ਨਵੀਨ ਪਰਿਵਰਤਨ ਸੀ ਜਿਸ ਦਾ ਪ੍ਰਤੱਖ ਪ੍ਰਗਟਾਵਾ ਕੀਤਾ, ਸੇਵਾ ਭਾਵਨਾ ਨੂੰ, ਜਮਾਤ ਦੀ ਭਾਵਨਾ ਨੂੰ ਅਤੇ ਮਹਿਮਾਨ ਨਵਾਜ਼ੀ (ਪ੍ਰਾਹੁਣਾਚਾਰੀ) ਦੇ ਜਜ਼ਬੇ ਦੀ ਬਹੁਤ ਸਰਾਹਨਾ ਕੀਤੀ । ਮੈਸੀਡੋਨੀਆ ਤੋਂ ਇਸ ਸਾਲ ਜਿਵੇਂ ਕਿ ਉਪੱਰ ਦੱਸਿਆ ਹੈ ਕਿ 55 ਲੋਕਾਂ ਦਾ ਵਫ਼ਦ ਲਗਭਗ ਦੋ ਹਜ਼ਾਰ ਕਿਲੋਮੀਟਰ ਦੀ ਜਾਤਰਾ ਕਰਕੇ ਆਇਆ ਹੈ । ਇਸ ਵਫ਼ਦ ਵਿੱਚ 28 ਈਸਾਈ ਮਿਤੱਰ ਸਨ, ਦੱਸ ਗ਼ੈਰ ਅਹਮਦੀ ਮੁਸਲਮਾਨ ਸਨ ਅਤੇ ਸਤਾਰ੍ਹਾਂ ਅਹਮਦੀ, ਦੋ ਪਤੱਰਕਾਰ ਤੇ ਇਕ ਕੈਮਰਾਮੈਨ ਵੀ ਸ਼ਾਮਲ ਹੋਏ ਜੋ ਪ੍ਰੋਗਰਾਮਾ ਦੀ ਰੀਕਾਰਡਿੰਗ ਕਰਦੇ ਰਹੇ ਅਤੇ ਉਹਨਾਂ ਨੇ ਕਿਹਾ ਕਿ ਵਾਪਸ ਜਾਕੇ ਅਸੀਂ ਆਪਣੇ ਟੀ.ਵੀ. ਪ੍ਰੋਗ੍ਰਾਮਾ ਵਿੱਚ ਦਿਖਾਉਂਣਗੇ । ਇਸ ਵਫ਼ਦ ਵਿੱਚੋਂ ਜਲਸੇ ਦੇ ਅਖ਼ੀਲੇ ਦਿਨ ਨੌ ਲੋਕਾਂ ਨੇ ਬੈਅਤ ਵੀ ਕੀਤੀ ।

ਇਕ ਮਹਿਮਾਨ ਨਿਕੋਲਚੋ ਗੋਸ਼ੇਵਸਕੀ (Nikolcho Goshevski) ਜੋ ਇਕ ਸਰਕਾਰੀ ਦਫ਼ਤਰ ਵਿੱਚ ਕੰਮ ਕਰਦੇ ਹਨ ਓਹਨਾਂ ਨੇ ਕਿਹਾ ਕਿ ਮੇਰੀ ਇਹ ਵਿਜ਼ਿਟ ਧਰਮ ਨੂੰ ਜਾਨਣ ਅਤੇ ਧਰਮ ਬਾਰੇ ਗ਼ੌਰ ਤੇ ਚਿੰਤਨ ਕਰਨ ਦੇ ਪੱਖੋਂ ਬਹੁਤ ਚੰਗੀ ਹੈ । ਜਲਸੇ ਦੇ ਪ੍ਰੋਗ੍ਰਾਮਾ ਦਾ ਮੇਰੇ ਉਪੱਰ ਚੰਗਾ ਪ੍ਰਭਾਵ ਪਿਆ ਹੈ । ਫਿਰ ਮੇਰੇ ਬਾਰੇ ਕਿਹਾ ਕਿ ਉਹਨਾਂ ਦੇ ਖ਼ੁਤਬਿਆਂ (ਪਰਵਚਨਾ) ਨੇ ਮੇਰੇ ਇਸਲਾਮ ਬਾਰੇ ਵਿਚਾਰ ਹੀ ਬਦਲ ਦਿੱਤੇ ਹਨ । ਇਸ ਤੋਂ ਪਹਿਲਾਂ ਮੈਂ ਇਸਲਾਮ ਨੂੰ ਇਕ ਰੈਡੀਕਲ ਤੇ ਤਸ਼ਦੁੱਦ ਪਸੰਦ ਧਰਮ ਵੱਜੋਂ ਦੇਖਦਾ ਸੀ । ਹੁਣ ਮੈਂ ਆਪਣੇ ਪੁਰਾਣੇ ਵਿਚਾਰਾਂ ਨੂੰ ਉਕੱਾ ਹੀ ਬਦਲ ਦਿੱਤਾ ਹੈ । ਇਸਲਾਮ ਤਾਂ ਅਮਨ ਦਾ ਧਰਮ ਹੈ । ਫਿਰ ਮੈਸੀਡੋਨਾ ਦੇ ਹੀ ਇਕ ਮਹਿਮਾਨ ਨੇ ਕਿਹਾ ਕਿ ਇਸੇ ਮੁਲਾਕਾਤ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਮੈਂ ਓਹਨਾਂ ਨੂੰ (ਮੈਨੂੰ) ਰਾਏ ਦਿੱਤੀ । ਆਪਣੀ ਰਾਏ ਦੀ ਗੱਲ ਕਰ ਰਹੇ ਹਨ ਕਿ ਸਾਰਿਆਂ ਧਰਮਾਂ ਨੂੰ ਮੁਹਬੱਤ'ਤੇ ਇਕਤੱਰ ਕੀਤਾ ਜਾਵੇ । ਅਜਿਹਾ ਪ੍ਰੋਗਰਾਮ ਹੋਵੇ ਤਾਂ, ਫਿਰ ਮੇਰਾ ਉਤੱਰ ਉਹਨਾਂ ਨੇ ਦੱਸਿਆ ਕਿ ਅਸੀਂ ਪਹਿਲਾਂ ਇਸ ਬਾਰੇ ਜਤਨ ਕਰਦੇ ਹਾਂ ਅਤੇ ਫਿਰ ਉਹਨਾਂ ਨੂੰ ਵਿਸਥਾਰ ਨਾ ਵਰਲਡ ਹਾਲ ਵਿੱਚ ਹੋਏ ਪ੍ਰੋਗ੍ਰਾਮ ਬਾਰੇ ਦੱਸਿਆ ਗਿਆ, ਇਸਦਾ ਬਹੁਤ ਹੀ ਚੰਗਾ ਪ੍ਰਭਾਵ ਪਿਆ ।

ਅਲਬਾਨੀਆ ਤੋਂ 21 ਲੋਕਾਂ ਉਪੱਰ ਅਧਾਰਤ ਵਫ਼ਦ ਆਇਆ ਸੀ ਜਿਸ ਵਿੱਚ ਦਸ ਗ਼ੈਰ ਅਹਮਦੀ ਅਤੇ ਗਿਆਰ੍ਹਾਂ ਅਹਮਦੀ ਸਨ । ਉਹਨਾਂ ਵਿੱਚੋਂ ਇਕ ਫ਼ੌਜ ਦੇ ਚੰਗੇ ਅਹੁਦੇ ਉਪੱਰ ਲੰਮਾ ਸਮਾਂ ਰਹੇ ਹਨ, ਸਾਬਕਾ ਫ਼ੌਜੀ ਹਨ, ਉਹ ਕਹਿੰਦੇ ਹਨ ਕਿ ਅਜਿਹਾ ਡਿਸਿਪਿਲਿਨ ਮੈਂ ਦੁਨੀਆ ਵਿੱਚ ਕਿਤੇ ਨਹੀਂ ਦੇਖਿਆ ਅਤੇ ਜਮਾਤ ਦੇ ਲੋਕਾਂ ਵਿੱਚ ਕਾਰ ਸੇਵਾ ਦੀ ਭਾਵਨਾ ਦਾ ਇਉਂ ਪਾਇਆ ਜਾਣਾ ਵੀ ਇਕ ਬਹੁਤ ਖ਼ਸ਼ੀਆਂ ਭਰਿਆ ਤਜਰਬਾ ਸੀ ਕਿ ਛੋਟੇ ਛੋਟੇ ਬੱਚੇ ਵੀ ਮਹਿਮਾਨਾਂ ਨੂੰ ਪਾਣੀ ਪਿਲਾ ਕੇ ਅਤਿਅੰਤ ਪ੍ਰਸੰਨਤਾ ਅਨੁਭਵ ਕਰ ਰਹੇ ਸਨ ।

ਰੁਮਾਨੀਆ ਤੋਂ ਜੋ ਵਫ਼ਦ ਆਇਆ ਸੀ ਉਸ ਵਿੱਚ ਇਕ ਸੀਰੀਨ ਸਜੱਣ ਸਨ ਹੁਸੈਨ ਅਲਹਾਫ਼ਜ਼ ਸਾਹਬ ਜੋ ਲੰਮੇ ਸਮੇਂ ਤੋਂ ਰੁਮਾਨੀਆ ਵਿੱਚ ਰਹਿੰਦੇ ਹਨ । ਕਹਿੰਦੇ ਹਨ ਕਿ ਜੱਦ ਜਲਸੇ ਵਿੱਚ ਸ਼ਾਮਲ ਹੋਏ ਤਾਂ ਅਪਣੇ ਇਕ ਮੁਬਲੱਗ਼ (ਪ੍ਰਚਾਰਕ) ਨੂੰ ਕਹਿਣ ਲੱਗੇ ਕਿ ਖ਼ਲੀਫ਼ਾਤੁਲ ਮਸੀਹ ਨੂੰ ਅਸੀਂ ਦੂਰੋਂ ਦੇਖਾਂਗੇ ਜਾਂ ਨੇੜਿਓਂ ਦੇਖਣ ਦਾ ਵੀ ਮੌਕਾ ਮਿਲੇਗਾ । ਜੱਦ ਉਹਨਾਂ ਨੂੰ ਦੱਸਿਆ ਕਿ ਮੁਲਾਕਾਤ ਵੀ ਹੋਵੇਗੀ ਤਾਂ ਇਸ'ਤੇ ਉਹਨਾਂ ਨੂੰ ਵਿਸ਼ਵਾਸ ਨਹੀਂ ਹੋਇਆ । ਮੁਬਲੱਗ ਸਾਹਬ ਕਹਿੰਦੇ ਹਨ ਕਿ ਜਲਸੇ ਦੇ ਪਹਿਲੇ ਦਿਨ

ਤੋਂ ਹੀ ਉਹਨਾਂ ਨੇ ਆਖਣਾ ਸ਼ੁਰੂ ਕਰ ਦਿਤੱਾ ਕਿ ਉਹ ਖ਼ਲੀਫ਼ਾ ਨਾਲ ਮੁਹਬੱਤ ਕਰਦੇ ਹਨ ਅਤੇ ਵਾਰ ਵਾਰ ਕਹਿੰਦੇ ਕਿ ਸਾਰੇ ਇਸਲਾਮੀ ਜਗਤ ਦਾ ਇਕ ਖ਼ਲੀਫ਼ਾਤੁਲ ਮੁਸਲੇਮੀਨ ਹੋਵੇ ਤਾਂ ਮੁਸਲਮਾਨਾਂ ਦੇ ਮਸਲੇ ਹਲ ਹੋ ਜਾਣ ਕਿਉਂਕਿ ਖ਼ਲੀਫ਼ਾ ਹੀ ਹੈ ਜੋ ਸਾਨੂੰ ਸਿੱਧਾ ਸੁਮਾਰਗ ਦਿਖਾ ਸਕਦਾ ਹੈ । ਮੁਲਾਕਾਤ ਦੇ ਸਮੇਂ ਵੀ ਇਸ ਗੱਲ ਦਾ ਉਹਨਾ ਨੇ ਪ੍ਰਗਟਾਵਾਂ ਕੀਤਾ । ਫਿਰ ਉਹਨਾਂ ਨੇ ਸਾਡੇ ਮੁਬਲੱਗ਼ ਸਾਹਬ ਤੋਂ ਪੁੱਛਿਆ ਕਿ ਖ਼ਲੀਫ਼ਾ ਦੀ ਚੋਣ ਕਿਵੇਂ ਹੁੰਦੀ ਹੈ । ਇਸ'ਤੇ ਓਹਨਾਂ ਨੇ ਖ਼ਿਲਾਫ਼ਤ ਬਾਰੇ ਦੱਸਿਆ ਅਤੇ ਕਿਵੇਂ ਖ਼ਿਲਾਫ਼ਤੇ ਰਾਸ਼ਦਾ ਦੀ ਚੋਣ ਹੋਈ ਅਤੇ ਹੁਣ ਵੀ ਹੁੰਦੀ ਹੈ ਕਿ ਅਲੱਾਹ ਤਆਲਾ ਚੋਣ ਕਰਨ ਵਾਲਿਆਂ ਨੂੰ ਆਪਣੇ ਤਸਰੁੱਫ਼ (ਅਧਿਕਾਰ) ਵਿੱਚ ਲੈ ਲੈਂਦਾ ਹੈ ਅਤੇ ਵਹੀਏ ਖ਼ਫ਼ੀ (ਅੰਤਰਆਤਮਕ ਵਹੀ) ਰਾਹੀਂ ਇਕਤੱਰ ਕਰ ਦਿੰਦਾ ਹੈ । 'ਵਹੀਏ ਖ਼ਫ਼ੀ' ਤੇ 'ਤਸਰੁੱਫ਼ੇ ਇਲਾਹੀ' (ਇਲਹੀ ਅਧਿਕਾਰ) ਦੇ ਪੱਖ ਉਹਨਾਂ ਦੀ ਸਮਝ ਵਿੱਚ ਨਹੀਂ ਆਏ ਪਰ ਸ਼ਾਮ ਹੋਈ ਤਾਂ ਕਹਿੰਦੇ ਹਨ, ਇਹ ਮਸਲਾ ਹਲ ਹੋ ਗਿਆ ਮੇਰਾ । ਕਹਿੰਦੇ ਹਨ ਜੱਦ ਮੈਂ ਲਜਨਾ (ਇਸਤਰੀਆਂ) ਨਾਲ ਖ਼ਿਤਾਬ ਕਰਕੇ ਨਮਾਜ਼ ਜ਼ੁਹਰ ਲਈ ਵਾਪਸ ਆਇਆ ਹਾਂ ਤਾਂ ਉਸ ਸਮੇਂ ਲੋਕ ਲਾਈਨਾਂ ਵਿੱਚ ਖੜੇ ਸਨ, ਕਹਿੰਦੇ ਹਨ ਮੈਂ ਵੀ ਖੜਾ ਹੋ ਗਿਆ । ਜੱਦ ਮੈਂ ਉਹਨਾਂ ਦੇ ਲਾਗਿਓਂ ਲੰਘਿਆ ਤਾਂ ਕਹਿੰਦੇ ਹਨ ਕਿ ਖ਼ਲੀਫ਼ਾ ਸਾਹਬ ਦੀ ਨਜ਼ਰ ਪਈ ਤਾਂ ਆਪ ਮੁਹਾਰੇ ਹੀ ਬਿਨਾ ਇਰਾਦੇ ਮੇਰਾ ਹੱਥ ਸਲਾਮ ਲਈ ਹਵਾ ਵਿੱਚ ਬੁਲੰਦ ਹੋ ਗਿਆ । ਕਹਿੰਦੇ ਹਨ ਇਹ ਇਕ ਆਪ ਮੁਹਾਰਾ ਕਾਰਜ ਸੀ । ਇਸ'ਤੇ ਤਸਰੁਫ਼ੇ ਇਲਾਹੀ ਤੇ ਵਹੀਏ ਖ਼ਫ਼ੀ ਦਾ ਮਸਲਾ ਹੱਲ ਹੋ ਗਿਆ । ਇਹ ਵੀ ਕਿਹਾ ਕਿ ਉਹ ਆਮ ਤੋਰ'ਤੇ ਜਾਂ ਆਦਤ ਵੱਚੋਂ ਕਿਸੇ ਨੂੰ ਹੱਥ ਉਚੱਾ ਕਰਕੇ ਤੇ ਲਹਿਰਾਕੇ ਕਿਸੇ ਨੂੰ ਸਲਾਮ ਨਹੀਂ ਕਰਦੇ ਭਾਵੇਂ ਕੋਈ ਵੱਡਾ ਵਿਅਕਤੀ ਕਿਉਂ ਨ ਹੋਵੇ । ਪਰ ਹੁਣ ਜੋ ਮੈਂਥੋਂ ਹੋਇਆ ਹੈ ਇਹ ਅਵਸ਼ ਹੀ ਤਸਰੁੱਫ਼ੇ ਇਲਾਹੀ (ਇਲਾਹੀ ਅਧਿਕਾਰ) ਹੈ ਅਜਿਹਾ ਕਰਨਾ ਮੇਰੇ ਅਧਿਕਾਰ ਵਿੱਚ ਨਹੀਂ ਸੀ । ਬਹੁਤ ਹੱਦ ਤੱਕ ਕਾਇਲ ਹੋ ਚੁਕੇ ਹਨ । ਮੈਨੂੰ ਵੀ ਉਹਨਾਂ ਨੇ ਦੱਸਿਆ ਕਿ ਥੋੜਾ ਜਿਹਾ ਹੋਰ ਸੋਚਕੇ ਉਹ ਜਮਾਤ ਵਿੱਚ ਇੰਸ਼ਅਲੱਾਹ ਸ਼ਾਮਲ ਹੋ ਜਾਣਗੇ ।

ਫਿਰ ਯੂਨੀਵਰਸਿਟੀਆਂ ਤੋਂ ਆਏ ਹੋਏ ਲਿਥਵੇਨੀਆ ਦੇ ਤਿੰਨ ਮਹਿਮਾਨ ਸਨ । ਇਕ ਵਿਦਿਆਰਥੀ ਨੇ ਆਪਣੇ ਅਨੁਭਵ ਦੀ ਗੱਲ ਕਰਦਿਆਂ ਹੋਇਆਂ ਕਿਹਾ ਕਿ ਇਹ ਜਲਸਾ ਉਹਨਾਂ ਪਛੱਮੀ ਅਧਿਐਨਕਾਰੀਆਂ ਲਈ ਬਹੁਤ ਲਾਭਦਾਇਕ ਹੈ ਜੋ ਇਸਲਾਮ ਬਾਰੇ ਘੱਟ ਜਾਨਕਾਰੀ ਜਾਂ ਵਿਪਰੀਤ ਵਿਚਾਰ ਰੱਖਦੇ ਹਨ ਕਿਉਂਕਿ ਇਹ ਜਲਸਾ ਉਹਨਾਂ ਦੀ ਸੰਕੁਚਿਤ ਸੋਚ ਨੂੰ ਵਿਸ਼ਾਲ ਕਰ ਸਕਦਾ ਹੈ । ਆਪ ਲੋਕ ਬਹੁਤ ਧਨਾਤਮਕ ਵਿਚਾਰਾਂ ਦੇ ਮਾਲਕ ਹੋ ਹਰ ਸਮੇਂ ਮੁਖੜੇ ਉਪੱਰ ਉਤਸੁਕਤਾ, ਖ਼ੁਸ਼ੀ ਤੇ ਮੁਸਕਰਾਹਟ ਰਹਿੰਦੀ ਹੈ ਅਤੇ ਜੱਦ ਮੈਨੂੰ ਮਿਲੇ ਹਨ ਉਸ ਸਮੇਂ ਵੀ ਬਹੁਤ ਰੰਗਾ ਪ੍ਰਭਾਵ ਸੀ ।

ਇਕ ਮਹਿਮਾਨ ਡੋਮੀਨਿਕ (Dominik) ਸਾਹਬ ਕਹਿੰਦੇ ਹਨ ਕਿ ਖ਼ਲੀਫ਼ਾ ਸਾਹਬ ਦੇ ਭਾਸ਼ਣ ਨਾਲ ਸਾਡੀ ਜਾਨਕਾਰੀ ਵਿੱਚ ਵਾਧਾ ਹੋਇਆ ਹੈ । ਜਮਾਤ ਬਾਰੇ ਕੁਝ ਜਾਨਕਾਰੀ ਤਾਂ ਪਹਿਲਾਂ ਸੀ ਪਰ ਖ਼ਲੀਫ਼ਾ ਸਾਹਬ ਦਾ ਭਾਸ਼ਣ ਸੁਨਣ ਦੇ ਬਾਦ ਅਨੇਕਾਂ ਹੀ ਨਵੀਆਂ ਗਲੱਾਂ ਦਾ ਗਿਆਨ ਹੋਇਆ ਹੈ । ਫਿਰ ਇਕ ਮਹਿਮਾਨ ਕਹਿੰਦੇ ਹਨ ਆਪ ਨੇ ਜੋ ਅੱਜ ਇਹ ਸਿੱਖਿਆ ਮਿਲਵਰਤਨ ਦੀ ਤੇ ਸਮਾਨਤਾ ਦੀ ਪੇਸ਼ ਕੀਤੀ ਹੈ ਇਹ ਬਹੁਤ ਹੀ ਉੱਚ ਕੋਟਿ ਦੀ ਸਿੱਖਿਆ ਹੈ । ਇਹ ਜਰਮਨ ਕਾਨੂਨ ਦੇ ਐਨ ਮੁਤਾਬਕ ਹੈ । ਮੇਰੇ ਨਾਲ ਇਕ ਅਹਮਦੀ ਯੂਨੀਵਰਸਿਟੀ ਵਿੱਚ ਪੜ੍ਹਦਾ ਹੈ ਉਸਦੇ ਕਰਮਾ ਤੋਂ ਦਿਸਦਾ ਹੈ ਕਿ ਅਹਮਦੀ ਮੁਸਲਮਾਨ ਤੇ ਹੋਰਨਾ ਮੁਸਲਮਾਨਾਂ ਵਿੱਚ ਅੰਤਰ ਹੈ ।

ਸੋ, ਇਹ ਅਮਲੀ ਅੰਤਰਰ ਹੈ ਜੋ ਅਸੀਂ ਹਰ ਪਧੱਰ'ਤੇ ਹਰ ਪੱਖ ਵਿੱਚ ਦਿਖਾਉਂਣਾ ਹੈ, ਇਹ ਪ੍ਰਚਾਰ ਦਾ ਬਹੁਤ ਵੱਡਾ ਸਾਧਨ ਹੈ । ਇਸ ਲਈ ਹਰ ਅਹਮਦੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਸ ਦੇ ਅਮਲੀ ਨਮੂਨਿਆਂ ਵੱਲ ਲੋਕਾਂ ਦੀ ਨਜ਼ਰ ਹੈ । ਇਕ ਜਰਮਨ ਕਹਿੰਦੇ ਹਨ ਕਿ ਇਉਂ ਲਗਦਾ ਸੀ ਕਿ ਇਹ ਖ਼ਲੀਫ਼ਾ ਦਾ ਖ਼ਿਤਾਬ ਮੈਂ ਲਿੱਖਿਆ ਹੈ ਕਿਉਂਕਿ ਇਸ ਦਾ ਹਰ ਇਕ ਅਖੱਰ ਮੇਰੇ ਦਿਲ ਦੀ ਆਵਾਜ਼ ਸੀ । ਇਕ ਇਸਤਰੀ ਕਹਿੰਦੀ ਹਨ ਕਿ ਖ਼ਲੀਫ਼ਤੁਲ ਮਸੀਹ ਨੇ ਜੱਦ ਆਪਣੇ ਐਡਰੈਸ ਵਿੱਚ ਡਾਕਟਰ ਮਹਦੀ ਅਲੀ ਸਾਹਬ ਦੀ ਸ਼ਹੀਦੀ ਦਾ ਵਰਨਣ ਕੀਤਾ ਤਾਂ ਮੈਂ ਸਹਿਨ ਨ ਕਰ ਸਕੀ ਅਤੇ ਰੋਣ ਲੱਗੀ, ਫਿਰ ਖ਼ਲੀਫ਼ਾ ਸਾਹਬ ਨੇ ਜੱਦ ਇਹ ਕਿਹਾ ਕਿ ਇਸ ਸ਼ਹੀਦੀ ਦੇ ਹੁੰਦਿਆਂ ਹੋਇਆਂ ਵੀ ਸਾਡੀ ਸੇਵਾ ਦੀ ਭਾਵਨਾ ਵਿੱਚ ਕੋਈ ਅੰਤਰ ਨਹੀਂ ਆਇਆ ਅਤੇ ਅਸੀਂ ਇਹ ਸੇਵਾ ਜਾਰੀ ਰੱਖਾਂਗੇ ਤਾਂ ਆਪਣੇ ਜਜ਼ਬਿਆਂ ਉਪੱਰ ਕਾਬੂ ਰੱਖਣਾ ਮੇਰੇ ਲਈ ਬਹੁਤ ਕਠਿਨ ਹੋ ਗਿਆ ।

ਇਕ ਇਸਤਰੀ ਕਹਿੰਦੀ ਹਨ ਕਿ ਮੈਂ ਬਹੁਤ ਪ੍ਰਭਾਵਤ ਹੋਈ ਵਿਸ਼ੇਸ਼ ਤੌਰ'ਤੇ ਜੋ ਅਮਨ ਲਈ ਹੱਲ ਪੇਸ਼ ਕੀਤਾ ਗਿਆ ਹੈ ਅਰਥਾਤ ਦੁਨੀਆ ਦੇ ਸਾਰਿਆਂ ਇਨਸਾਨਾਂ ਨੂੰ ਚਾਹੀਦਾ ਹੈ ਕਿ ਧਰਮ ਤੇ ਕੌਮ ਤੋਂ ਉਪੱਰ ਉਠ ਕੇ ਇਕ ਦੂਜੇ ਨਾਲ ਸਨੇਹ ਕਰਨ । ਨ ਇਹ ਕਿ ਇਕ ਦੂਜੇ ਨਾਲ ਦੁਸ਼ਮਨੀ ਵੱਧਦੀ ਜਾਵੇ । ਇਹ ਜਲਸਾ ਬਹੁਤ ਸਫ਼ਲ ਰਿਹਾ । ਪ੍ਰੋਗਰਾਮ ਲਈ ਕੇਵਲ ਆਪਣੀ ਜਮਾਤ ਦੇ ਲੋਕਾਂ ਨੂੰ ਨਹੀਂ ਬੁਲਾਇਆ । ਇਹ ਵੀ ਬਹੁਤ ਚੰਗੀ ਗੱਲ ਹੈ ਸੀ ਜਾਂ ਰਾਜਨੀਤਿਕ ਲੀਡਰ ਨਹੀਂ ਬੁਲਾਏ ਸਗੋਂ ਗਵਾਂਢੀਆਂ ਨੂੰ ਵੀ ਨਿਮੰਤਰਣ ਦਿੱਤਾ ਸਗੋਂ ਇਸ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ । ਸੋ, ਇਹ ਮਸਜਿਦਾਂ ਦੇ ਉਦਘਾਟਨ ਸਮੇਂ ਜੋ ਇਹ ਸੰਦੇਸ਼ ਦਿੱਤਾ ਜਾਂਦਾ ਹੈ ਕਿ ਨਵੇਂ ਮਾਰਗ ਖੁਲੱਣਗੇ, ਇਸ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ, ਹਰ ਅਹਮਦੀ ਦੀ ਜ਼ਿੰਮੇਦਾਰੀਆਂ ਵੱਧ ਜਾਂਦੀਆਂ ਹਨ ਜੱਦ ਉਸ ਦੇ ਖੇਤਰ ਵਿੱਚ ਕਿਸੇ ਨਵੀਂ ਮਸਜਿਦ ਦਾ ਉਦਘਾਟਨ ਹੁੰਦਾ ਹੈ ਜਾਂ ਨਵੀਂ ਮਸਜਿਦ ਬਣਦੀ ਹੈ ।

ਜਰਮਨੀ ਵਿੱਚ ਜਲਸੇ ਦੇ ਤੀਜੇ ਦਿਨ ਅੱਲਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਬੈਅਤ ਵੀ ਹੋਈ ਸੀ ਜਿਸ ਵਿੱਚ ਉਨ੍ਹੀ (19) ਕੌਮਾਂ ਦੇ ਤਿਰਾਸੀ (83) ਲੋਕਾਂ ਨੇ ਬੈਅਤ ਕੀਤੀ ਜੋ ਓਥੇ ਮੌਜੂਦ ਸਨ । ਜੋ ਬੈਅਤਾਂ ਹੋਈਆਂ, ਬੈਅਤ ਕਰਨ ਵਾਲੀਆਂ ਗੱਲਾਂ ਬਿਆਨ ਕਰਦਾ ਹਾਂ :

ਮਰਾਕਸ਼ ਦੇ ਇਕ ਸਜੱਣ ਅਬਦੁਲ ਕਾਦਰ ਸਾਹਬ ਕਹਿੰਦੇ ਹਨ ਕਿ ਛੇ ਸਲ ਪਹਿਲਾਂ ਅਹਮਦੀਅਤ ਬਾਰੇ ਜਾਨਕਾਰ ਹੋਇਆ ਸੀ ਪਰ ਕੁਝ ਹਫ਼ਤੇ ਪਹਿਲਾਂ ਅਹਮਦੀਅਤ ਦੀ ਭਾਲ ਵਿੱਚ ਜਮਾਤ ਦੇ ਇਕ ਨਮਾਜ਼ ਸੈਂਟਰ ਵਿੱਚ ਪਹੁੰਚਿਆ ਅਤੇ ਜਮਾਤ ਬਾਰੇ ਵਧੇਰੇ ਜਾਨਕਾਰੀ ਪ੍ਰਾਪਤ ਕੀਤੀ ਅਤੇ ਨਮਾਜਾਂ ਤੇ ਜੁੱਮੇ ਵਿੱਚ ਆਉਣਾ ਆਰੰਭ ਕੀਤਾ । ਮੈਨੂੰ ਜਲਸਾ ਸਾਲਾਨਾ ਜਰਮਨੀ ਲਈ ਨਿਮੰਤਰਣ ਦਿੱਤਾ ਗਿਆ । ਮੈਂ ਇਸ ਵਿੱਚ ਸ਼ਾਮਲ ਹੋਇਆ । ਜਲਸੇ ਦਾ ਰੂਹਾਨੀ ਮਾਹੌਲ ਦੇਖਕੇ ਅਤੇ ਸਮੇਂ ਦੇ ਖ਼ਲੀਫ਼ਾ ਨਾਲ ਜਮਾਤ ਦੇ ਲੋਕਾਂ ਦਾ ਉਤਸਾਹ, ਸਨੇਹ ਤੇ ਆਗਿਅਕਾਰੀ ਦੇਖਕੇ ਮੇਰੇ ਮਨ ਵਿੱਚ ਇਕ ਅਕਹਿ ਪਰਿਵਰਤਨ ਆਇਆ ਕਿ ਇਹ ਅਵਸ਼ ਹੀ ਸੱਚਿਆਂ ਦੀ ਜਮਾਤ ਹੈ । ਇਸ'ਤੇ ਮੈਂ ਜਮਾਤ ਵਿੱਚ ਸ਼ਾਮਲ ਹੋਣ ਦਾ ਨਿਰਣਾ ਕਰ ਲਿਆ ਅਤੇ ਬੈਅਤ ਕਰ ਲਈ ।

ਫਿਰ ਸਵੀਡਨ ਤੋਂ ਇਰਾਕ ਦੇ ਇਕ ਸਜੱਣ ਹਨ, ਕਹਿੰਦੇ ਹਨ ਕਿ ਜਲਸੇ ਦੇ ਰੂਹਾਨੀ ਮਾਹੌਲ ਨੂੰ ਦੇਖਕੇ ਬਹੁਤ ਪ੍ਰਭਾਵਤ ਹੋਇਆ ਹਾਂ । ਉਹ ਕਹਿੰਦੇ ਹਨ ਕਿ ਇਹੋ ਉਹ ਹਕੀਕੀ ਅਤੇ ਸੱਚੀ ਜਮਾਤ ਹੈ ਜਿਸਦੀ ਮੈਨੂੰ ਭਾਲ ਸੀ, ਇਹੋ ਜਮਾਤ ਅਹਮਦੀਆਂ ਮੇਰੇ ਸਾਰੇ ਪ੍ਰਸ਼ਨਾਂ ਦਾ ਉੱਤਰ ਹੈ ਅਤੇ ਫਿਰ ਉਹਨਾਂ ਨੇ ਜਲਸੇ ਉਪੱਰ ਬੈਅਤ ਕਰ ਲਈ । ਫਿਰ ਫ਼੍ਰਾਂਸ ਤੋਂ ਇਕ ਸਜੱਣ ਆਏ ਹੋਏ ਸਨ ਕਹਿੰਦੇ ਹਨ ਕਿ ਮੈਂ ਈਸਾਈ ਫ਼ੈਮਲੀ ਵਿੱਚ ਪੈਦਾ ਹੋਇਆ ਹਾਂ । ਮੈਂ ਕੋਈ ਧਾਰਮਕ ਪ੍ਰੈਕਟਿਸ ਨਹੀਂ ਕਰਦਾ, ਜੱਦ ਆਪਣੇ ਮਾਪਿਆਂ ਦੇ ਕਹਿਣ'ਤੇ ਚਰਚ ਵਿੱਚ ਗਿਆ ਤਾਂ ਸਾਹਮਣੇ ਹਜ਼ਰਤ ਈਸਾ ਅਲੈਹਿ ਸਲਾਮ ਦਾ ਬੁੱਤ ਰੱਖਿਆ ਸੀ । ਮੈਂਨੂ ਸਮਝ ਨਹੀਂ ਆ ਰਹੀ ਸੀ ਕਿ ਖ਼ੁਦਾ ਦੀ ਇਬਾਦਤ ਕਰਾਂ ਜਾਂ ਇਸ ਬੁੱਤ ਦੀ ਇਬਾਦਤ ਕਰਾਂ । ਸੋ, ਜਿਸ ਅਹਮਦੀ ਮਿਤੱਰ ਨਾਲ ਰਾਬਤਾ ਹੋਇਆ, ਉਹਨਾਂ ਨੇ ਮੈਨੂੰ ਜਮਾਤ ਦੀ ਜਾਣਪਛਾਣ ਕਰਾਈ ਅਤੇ ਜਾਨਕਾਰੀ ਦਿੱਤੀ । ਇਸਲਾਮੀ ਉਸੂਲ ਦੀ ਫ਼ਿਲਾਸੀ ਪੜ੍ਹਨ ਲਈ ਦਿੱਤੀ । ਜਲਸੇ ਵਿੱਚ ਸ਼ਮਾਲ ਹੋਇਆ । ਇਮਾਮ ਜਮਾਤ ਅਹਮਦੀਆ ਦੇ ਪਰਵਚਨ ਸੁਣੇ, ਮੇਰੇ ਮਨ ਦੀ ਅਵਸਥਾ ਬਦਲ ਗਈ ਅਤੇ ਮੈਂ ਜਲਸੇ ਦੇ ਤੀਜੇ ਦਿਨ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਗਿਆ ਹਾਂ । ਇਹ ਫ਼੍ਰਾਂਸੀਸੀ ਲੋਕਲ ਫ਼੍ਰਾਂਸੀਸੀ ਹਨ ।

ਫ਼੍ਰਾਂਸ ਤੋਂ ਆਏ ਹੋਏ ਇਕ ਅਰਬ ਅਹਮਦੀ ਨੇ ਦੱਸਿਆ, ਇਹ ਆਪਣੀ ਪੁਰਾਣੀ ਗੱਲ ਦਸ ਰਹੇ ਹਨ, ਆਪਣਾ ਇਕ ਸੁਪਨਾ, ਕਹਿੰਦੇ ਹਨ ਖ਼ਲੀਫ਼ਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ) ਦੇ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਮੈਂ ਸੁਪਨੇ ਵਿੱਚ ਸੁਣਿਆ ਕਿ ਕੋਈ ਕਹਿ ਰਿਹਾ ਹੈ, ਯਾ ਅੱਯੋਹਨ ਨਫ਼ਸੁਲ ਮੁਤਮਾਇਨੱਾ ਤੁਰਜਈ ਇਲਾ ਰੱਬਿਕਾ ਰਾਜ਼ੀਆਤਨ ਮਰਜ਼ੀਆ, ਫ਼ਦਖ਼ੁਲੀ ਫ਼ੀ ਇਬਾਦੀ ਵ ਅਦਖ਼ੁਲੀ ਜਨੱਾਤੀ ( يايتها النفس المطمئنة۔ ارجعی الی ربك راضية مرضية۔ فادخلی فی عبادی وادخلی جنتی ) ਫਿਰ ਇਕ ਨੌਜੁਆਨ ਨੂੰ ਦੇਖਕੇ ਜਿਸ ਬਾਰੇ ਮੈਨੂੰ ਸੁਪਨੇ ਵਿੱਚ ਕਿਹਾ ਗਿਆ ਕਿ ਇਹ ਤੁਹਾਡਾ ਨਵਾਂ ਖ਼ਲੀਫ਼ਾ ਹੈ । ਕਹਿੰਦੇ ਹਨ ਕਿ ਇਸ ਸੁਪਨੇ ਦੇ ਬਾਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਦਾ ਦੇਹਾਂਤ ਹੋ ਗਿਆ ਅਤੇ ਜੱਦ ਖ਼ਿਲਾਫ਼ਤ ਦੀ ਚੋਣ ਹੋਈ ਤਾਂ ਮੈਨੂੰ ਆਪਣਾ ਸੁਪਨਾ ਚੇਤੇ ਆ ਗਿਆ ਅਤੇ ਜੱਦ ਮੈਂ ਤਸਵੀਰ ਦੇਖੀ ਤਾਂ ਆਪ ਹੀ ਸਨ । ਇਸ ਲਈ ਇਹ ਗੱਲਾਂ ਅੱਲਾਹ ਤਆਲਾ ਦੇ ਵਿਸ਼ੇਸ਼ ਸਮਰਥਨ ਦਾ ਪ੍ਰਗਟਾਵਾ ਕਰਦੀਆਂ ਹਨ । ਇਹ ਗੱਲਾਂ ਤਾਂ ਹੋ ਗਈਆਂ ਜੋ ਜਲਸਾ ਸਾਲਾਨਾ ਤੇ ਮਸਜਿਦਾਂ ਦੇ ਉਦਘਾਟਨ ਜਾਂ ਨੀਂਹ ਪਥੱਰ ਦੇ ਸੁਅਵਸਰਾਂ ਸਮੇਂ ਅੱਲਾਹ ਤਆਲਾ ਦੀਆਂ ਵਿਸ਼ੇਸ਼ ਮਿਹਰਾਂ ਤੇ ਕ੍ਰਿਪਾਵਾਂ ਨੂੰ ਦਿਖਾਉਂਦੀਆਂ ਹਨ । ਹੁਣ ਮੈਂ ਕੁਝ ਉਹ ਗੱਲਾਂ ਵੀ ਕਰਨਾ ਚਾਹੁੰਦਾ ਹਾਂ ਜੋ ਸਾਨੂੰ

ਆਪਣੀ ਪੜਤਾਲ ਵੱਲ ਧਿਆਨ ਦੁਆਉਣ ਲਈ ਜ਼ਰੂਰੀ ਹਨ । ਜਿੱਥੇ ਸਾਨੂੰ ਇਸ ਗੱਲ ਲਈ ਰੱਬ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਅਤੇ ਹੁੰਦੇ ਹਾਂ ਕਿ ਉਹ ਕਿਵੇਂ ਆਪਣਾ ਸਮਰਥਨ ਅਤੇ ਮਦਦ ਦੇ ਨਜ਼ਾਰੇ ਦਿਖਾਉਂਦਾ ਹੈ ਓਥੇ ਸਾਨੂੰ ਇਸ ਗੱਲ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ ਕਿ ਕਿਤੇ ਸਾਡੇ ਵਿੱਚੋਂ ਕਿਸੇ ਇਕ ਦੀ ਵੀ ਗੱਲਤੀ ਜਾਂ ਹਰਕਤ ਜਾਂ ਅਮਲਾਂ ਦੀ ਘਾਟ ਸਾਨੂੰ ਉਹਨਾਂ ਮਿਹਰਾਂ ਤੋਂ ਵਾਂਜਿਆਂ ਨ ਕਰ ਦੇਵੇ । ਦੂਜਿਆਂ ਨੂੰ ਤਾਂ ਆਮ ਕਰਕੇ ਖ਼ੂਬੀਆਂ ਦਿਖਾਈ ਦਿੰਦੀਆਂ ਹਨ ਪਰ ਸਾਨੂੰ ਆਪਣੀ ਕਮੀ ਅਤੇ ਖ਼ਾਮੀਆਂ ਵੱਲ ਧਿਆਨ ਰੱਖਣਾ ਚਾਹੀਦਾ ਹੈ ਅਤੇ ਜਤਨ ਕਰਨਾ ਚਾਹੀਦਾ ਹੈ ਕਿ ਕਿਵੇਂ ਅਸੀਂ ਆਪਣੀਆਂ ਹਾਲਤਾਂ ਨੂੰ ਅਤੇ ਆਪਣੇ ਕਰਮਾ ਨੂੰ ਚੰਗਾ ਕਰ ਸਕਦੇ ਹਾਂ । ਵਿਸ਼ੇਸ਼ ਤੌਰ'ਤੇ ਅਹੁਦੇਦਾਰ ਉਹਨਾਂ ਵਿੱਚੋਂ ਵੀ ਵਿਸ਼ੇਸ਼ ਕਰਕੇ ਨੈਸ਼ਨਲ ਕਮੇਟੀ ਦੇ ਅਹੁਦੇਦਾਰ ਅਤੇ ਕੇਂਦਰੀ ਕਾਰਕੁਨਾਨ (ਮੁਲਾਜ਼ਮਾਂ) ਨੂੰ ਇਸ ਗੱਲ ਦਾ ਜਾਇਜ਼ਾ ਲੈਣ ਦੀ ਲੋੜ ਹੈ । ਜਰਮਨੀ ਦੇ ਅਮੀਰ ਸਾਹਬ ਨੇ ਕੁਝ ਅਜਿਹੀਆਂ ਗੱਲਾਂ ਓਥੇ ਧਿਆਨ ਦੇਣ ਯੋਗ ਸਨ ਜਾਂ ਕੁਝ ਖ਼ਾਮੀਆਂ ਜਾਂ ਕਮਜ਼ੋਰੀਆਂ ਸਨ, ਮੈਨੂੰ ਲਿੱਖ ਦਿੱਤਾ ਕਿ ਸਾਡੇ ਵਿੱਚ ਜੋ ਕਮਜ਼ੋਰੀਆਂ ਰਹਿ ਗਈਆਂ ਹਨ ਉਹਾਨਾਂ ਲਈ ਖਿਮਾ ਦੇ ਜਾਚਕ ਹਨ ਪਰ ਕੇਵਲ ਇਹ ਲਿੱਖ ਦੇਣਾ ਬਹੁਤ ਨਹੀਂ ਜੱਦ ਤੱਕ ਸਾਰਾ ਸਾਲ ਇਹਨਾਂ ਗੱਲਾਂ ਦੀ ਪੜਤਾਲ ਨ ਕਰੀਏ ਅਤੇ ਅਮਲੀ ਤੌਰ'ਤੇ ਇਸ ਦੀ ਦੁਰੁਸਤੀ ਦੇ ਸਾਧਨ ਨਹੀਂ ਜੁਟਾਉਂਦੇ ਤਾਂ ਇਸ ਖਿਮਾ ਦਾ ਕੋਈ ਲਾਭ ਨਹੀਂ । ਖਿਮਾ ਜਾਂ ਮੁਆਫ਼ੀਆਂ ਕੋਈ ਲਾਭ ਨਹੀਂ ਦੇ ਸਕਦੀਆਂ, ਅਸਲ ਚੀਜ਼ ਸੁਧਾਰ ਹੈ ਅਤੇ ਕਰਮ ਰੂਪੀ ਜਤਨ ਹਨ ।

ਮੈਂਥੋਂ ਇਕ ਇਸਤਰੀ ਜਰਨਲਿਸਟ ਸੰਭਵਤਾ ਮੈਡੀਸੋਨਾ ਤੋਂ ਆਈ ਹੋਈ ਸੀ, ਉਹਨਾਂ ਨੇ ਮੈਨੂੰ ਪ੍ਰਸ਼ਨ ਕੀਤਾ ਕਿ ਆਪ ਜਲਸੇ ਦੇ ਸਾਰੇ ਪ੍ਰਬੰਧਾਂ ਤੋਂ ਸੰਤੁਸ਼ਟ ਹਨ ? ਉਸ ਦੀ ਕੀ ਨੀਯਤ ਸੀ ਰੱਬ ਜਾਣਦਾ ਹੈ । ਹੋ ਸਕਦਾ ਹੈ ਇਹ ਵੀ ਹੋਵੇ ਕਿ ਕੁਝ ਕਮੀਆਂ ਵੱਲ ਸੰਕੇਤ ਕਰਨਾ ਚਾਹੁੰਦੀ ਹੋਵੇ । ਜੇਕਰ ਮੈਂ ਕਹਾਂ ਕਿ ਸੋ ਫ਼ੀ ਸਦ ਸੰਤੁਸ਼ਟ ਹਾਂ ਤਾਂ ਪੁੱਛ ਸਕਦੀ ਸੀ ਅਗਲਾ ਪ੍ਰਸ਼ਨ । ਮੈਂ ਉਹਨਾਂ ਨੂੰ ਇਹੋ ਉੱਤਰ ਦਿੱਤਾ ਕਿ ਤਰੱਕੀ ਕਰਨ ਵਾਲੀਆਂ ਕੌਮਾਂ ਚੰਗੇ ਤੋਂ ਚੰਗੇ ਦੀ ਭਾਲ ਵਿੱਚ ਹੁੰਦੀਆਂ ਹਨ । ਕੁਝ ਲੋਕਾਂ ਦੀਆਂ ਤਾਰੀਫ਼ਾ ਸੁਣ ਕੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਜੋ ਅਸੀਂ ਜੋ ਕਰਨਾ ਸੀ ਕਰ ਲਿਆ ਅਤੇ ਬਹੁਤ ਆਲਾ ਕੰਮ ਹੋ ਗਿਆ ਅਤੇ ਜ਼ਾਹਰੀ ਕਮੀਆਂ ਨੂੰ ਅਸੀਂ ਭੁੱਲ ਜਾਈਏ । ਇਹ ਤਾਂ ਕਦੇ ਵੀ ਅੱਖੋਂ ਓਹਲੇ ਨਹੀਂ ਹੋ ਸਕਦੀਆਂ ਨ ਹੀ ਹੋਣੀਆਂ ਚਾਹੀਦੀਆਂ ਹਨ । ਇਸ'ਤੇ ਉਹ ਖ਼ਾਮੋਸ਼ ਹੋ ਗਈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਬਹਿਰਹਾਲ ਅਮਲੀ ਤੌਰ'ਤੇ ਬਿਹਤਰੀ ਕਰੋ ਤਾਂ ਹੀ ਇਸ ਦਾ ਹਲੱ ਹੋ ਸਕਦਾ ਹੈ ਕੇਵਲ ਗਲੱਾਂ ਨਾਲ ਨਹੀਂ । ਅਤੇ ਜੇਕਰ ਧਿਆਨ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ । ਕੈਨੇਡਾ ਦੀ ਜਮਾਤ ਵਿੱਚ ਵੀ ਇਕ ਸਾਲ ਇਸੇ ਪ੍ਰਕਾਰ ਹੋਇਆ ਸੀ । ਉਹਨਾਂ ਨੂੰ ਮੈਂ ਧਿਆਨ ਦੁਆਇਆ ਅਤੇ ਉਹਨਾਂ ਨੇ ਧਿਆਨ ਦਿੱਤਾ । ਕਰਮ ਰੂਪੀ ਕਦਮ ਚੁੱਕੇ । ਹੁਣ ਓੱਥੋਂ ਦੇ ਲੋਕ ਲਿੱਖਦੇ ਹਨ ਕਿ ਬਹੁਤ ਬਿਹਤਰ ਪ੍ਰਬੰਧ ਹੈ । ਇਸ ਲਈ ਕਿ ਓਹਨਾਂ ਨੇ ਗੱਲ ਨੂੰ ਸੁਣਿਆ ਅਤੇ ਉਸ ਉਪੱਰ ਅਮਲ ਕਰਨ ਦਾ ਪੂਰਾ ਜਤਨ ਕੀਤਾ ।

ਜਰਮਨੀ ਵਾਲੇ ਵੀ ਇਸ ਇਸ ਉਸੂਲ ਉਪੱਰ ਚਲੱਣ ਤਾਂ ਇੰਸ਼ਾਅਲੱਾਹ ਤਆਲਾ ਬਿਹਤਰੀ ਹੋਵੇਗੀ । ਆਮ ਕਾਰਕੁਨ ਤੇ ਜਮਾਤ ਦੇ ਲੋਕ ਤਾਂ ਬੇਚੈਨ ਹੋਕੇ ਲਿੱਖਦੇ ਹਨ ਅਤੇ ਸੰਭਵਤਾ ਹੁਣ ਵੀ ਲਿੱਖਣਗੇ ਪਰ ਨੈਸ਼ਨਲ ਅਹੁਦੇਦਾਰਾਂ ਨੂੰ ਆਪਣੇ ਗਿਲਾਫ਼ਾਂ'ਚੋਂ ਬਾਹਰ ਆਉਂਣ ਦੀ ਲੋੜ ਹੈ, ਉਹ ਬਾਹਰ ਨਿਕਲਣ ਅਤੇ ਆਪਣੇ ਆਪ ਨੂੰ ਅਫ਼ਸਰ ਨ ਸਮਝਣ ਸਗੋਂ ਖ਼ਾਦਿਮ (ਸੇਵਕ) ਸਮਝ ਕੇ ਜਮਾਤ ਦੀ ਸੇਵਾ ਕਰਨ । ਆਪਣੇ ਅੰਦਰ ਇਹ ਸੋਚ ਪੈਦਾ ਕਰਨ । ਅਲੱਾਹ ਤਆਲਾ ਉਹਨਾਂ ਸਾਰਿਆਂ ਨੂੰ ਇਹ ਸ਼ਕਤੀ ਦੇਵੇ, ਅਤੇ ਜੋ ਵੀ ਸਫ਼ਲਤਾਵਾਂ ਜਮਾਤ ਨੂੰ ਮਿਲ ਰਹੀਆਂ ਹਨ ਉਹਨਾਂ ਨੂੰ ਰੱਬ ਦੀ ਮਿਹਰ ਨਾਲ ਜੋੜਨ ਦਾ ਜਤਨ ਕਰਨ । ਆਜਜ਼ੀ, ਹਲੀਮੀ ਅਤੇ ਰੱਬ ਦੇ ਧੰਨਵਾਦੀ ਹੋਣ ਵਿੱਚ ਅਗਾਂਹ ਵਧਣ ਦੇ ਜਤਨ ਕਰਨ । ਅਲੱਾਹ ਕਰੇ ਸਾਰੇ ਅਹੁਦੇਦਾਰਾਂ ਵਿੱਚ ਇਹ ਆਤਮਾ ਪੈਦਾ ਹੋ ਜਾਵੇ ਅਤੇ ਅਸੀਂ ਰੱਬ ਦੀਆਂ ਮਿਹਰਾਂ ਨੂੰ ਪਹਿਲਾਂ ਤੋਂ ਵੱਧ ਮਾਨਣ ਵਾਲੇ ਹੋਈਏ ।

**★★★★★ ਖ਼ੁਤਬਾ ਸਾਨੀਆ ★★★★★**